بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਈਦੁਜ਼ੁੱਹਾ 25.09.2015

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਈਦੁਜ਼ੁੱਹਾ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 25 ਸਤੰਬਰ ਸਨ 2015 ਈ. ਨੂੰ ਮਸਜਿਦ ਬੈਅਤੁਲ ਫ਼ੁਤੂਹ ਲੰਦਨ ਵਿੱਚ ਦਿੱਤਾ ।

ਹਰ ਇਬਾਦਤ ਤੇ ਕੁਰਬਾਨੀ ਤਕਵਾ (ਸੰਜਮਤਾ) ਦੀ ਰੂਹ (ਭਾਵਨਾ) ਲੋਚਦੀ, ਰੱਬ ਦੀ ਰਜ਼ਾ ਚਾਹੁੰਦੀ ਹੈ ਇਸ ਤੋਂ ਬਿਨਾ ਇਹ ਸਾਰੀਆਂ ਇਬਾਦਤਾਂ ਤੇ ਕੁਰਬਾਨੀਆਂ ਮੂੰਹ'ਤੇ ਮਾਰੀਆਂ ਜਾਂਦੀਆਂ ਹਨ । ਹਜ਼ਰਤ ਇਬਰਾਹੀਮ ਅਤੇ ਇਸਮਾਈਲ ਅਲੈਹਿ ਸਲਾਮ ਦੀ ਕੁਰਬਾਨੀ ਖ਼ਾਨਾ ਕਾਬਾ ਦੀ ਉਸਾਰੀ ਅਤੇ ਹਜ਼ਰਤ ਮੁਹੱਮਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਅਮ ਦੇ ਪ੍ਰਕਟ ਹੋਣ ਦਾ ਉਦੇਸ਼ ਆਪਣੀ ਕੁਰਬਾਨੀ ਦੇ ਮਿਆਰ ਨੂੰ ਬੁਲੰਦ ਕਰਦਿਆਂ ਹੋਇਆਂ ਰੱਬ ਅਤੇ ਰੱਬ ਦੀ ਮਖ਼ਲੂਕ ਦੇ ਅਧਿਕਾਰਾਂ ਨੂੰ ਪੂਰਾ ਕਰਨ ਦੀ ਸਥਾਪਨਾ ਅਤੇ ਸੰਸਾਰ ਵਿੱਚ ਸਲਾਮਤੀ ਤੇ ਸ਼ਾਂਤੀ ਸਥਾਪਤ ਕਰਨਾ ਸੀ ।

ਤਸ਼ਹੁੱਦ, ਤਅਵੁੱਜ਼, ਤਸਮੀਆ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਫ਼ਰਮਾਇਆ :

ਅੱਜ ਅਸੀਂ ਰੱਬ ਦੀ ਮਿਹਰ ਨਾਲ ਈਦੁਜ਼ੁੱਹਾ ਮਨਾ ਰਹੇ ਹਾਂ । ਇਸ ਈਦ ਉਪੱਰ ਕੁਰਬਾਨੀਆਂ ਕੀਤੀਆਂ ਜਾਂਦੀਆਂ ਹਨ ਅਤੇ ਲੱਖਾਂ ਹੀ ਜਾਨਵਰ ਇਹਨਾਂ ਦਿਨਾਂ ਵਿੱਚ ਕੁਰਬਾਨ ਕਰ ਦਿੱਤੇ ਜਾਂਦੇ ਹਨ । ਫਿਰ ਲੱਖਾਂ ਹੀ ਮੁਸਲਮਾਨ ਹੱਜ ਵੀ ਕਰਦੇ ਹਨ, ਪਰ ਸਾਡੇ ਵਿੱਚ ਅਧਿਕਤਰ ਇਹ ਨਹੀਂ ਸੋਚਦੇ ਕਿ ਇਹਨਾ ਕੁਰਬਾਨੀਆਂ ਜਾਂ ਈਦ ਦੀ ਖ਼ੁਸ਼ੀ ਮਨਾਉਣ ਦਾ ਕੀ ਲਾਭ ਹੈ ? ਕੀ ਕੇਵਲ ਮਾਸ ਖਾਣ ਲਈ ਦਾਵਤਾਂ ਕਰਨ ਲਈ ਅਸੀਂ ਇਹ ਕੁਰਬਾਨੀਆਂ ਕੀਤੀ ਆਂ ਹਨ । ਦੁਨੀਆ ਨੂੰ ਦਸੱਣ ਲਈ ਕਿ ਅਸੀਂ ਹੱਜ'ਤੇ ਗਏ ਹਾਂ, ਜਾਂ ਹਾਜੀ ਦਾ ਸ਼ਬਦ ਲਿਖੱਣ ਲਈ ਕਿ ਹੱਜ ਕੀਤਾ ਹੈ । ਕੀ ਐਨ੍ਹਾ ਹੀ ਬਹੁਤ ਹੈ ਜਿਸ ਦੇ ਸਬਬ ਅਸੀਂ ਅਲੱਾਹ ਦੇ ਕਰੀਬੀ ਬੰਦਿਆਂ ਅਤੇ ਉਸ ਦੇ ਆਦੇਸ਼ਾਂ ਉਪੱਰ ਚਲੱਣ ਵਾਲਿਆਂ ਵਿੱਚ ਸ਼ਾਮਲ ਹੋ ਜਾਂਵਾਂ ਗੇ ? ਇਹ ਸੋਚ ਅਜਿਹੀ ਹੈ ਕਿ ਇਸ ਰੱਬ ਨੇ ਬਹੁਤ ਕਰੜੇ ਸ਼ਬਦਾਂ ਵਿੱਚ ਨਿਖੇਦੀ ਕੀਤੀ ਹੈ ਅਤੇ ਇਕ ਅਸੂਲੀ ਗੱਲ ਵਰਨਣ ਕਰ ਦਿੱਤੀ ਕਿ ਇਹਨਾਂ ਕੁਰਬਾਨੀਆਂ ਦਾ ਮਾਸ ਅਤੇ ਖ਼ੂਨ ਕਦੇ ਵੀ ਰੱਬ ਤੱਕ ਨਹੀਂ ਪਹੁੰਚਦਾ ਸਗੋਂ ਤੁਹਾਡੇ ਮਨ ਦਾ ਤਕਵਾ (ਸੰਜਮਤਾ) ਰੱਬ ਤੱਕ ਪਹੁੰਚਦਾ ਹੈ । ਇਸ ਲਈ ਜੋ ਕੁਰਬਾਨੀਆਂ ਤਕਵਾ ਨੂੰ ਸੰਮੁੱਖ ਰਖੱਕੇ ਕੀਤੀਆਂ ਜਾਣ, ਰੱਬ ਦੀ ਰਜ਼ਾ ਨੂੰ ਸਾਹਮਣੇ ਰੱਖ ਕੇ ਕੀਤੀਆਂ ਜਾਣ, ਜੋ ਈਦਾਂ ਕੇਵਲ ਇਸ ਲਈ ਮਨਾਈਆਂ ਜਾਣ ਕਿ ਰੱਬ ਦੀ ਆਗਿਆ ਹੈ ਕਿ ਈਦ ਮਨਾਓ । ਇਸ ਲਈ ਕਿ ਇਹ ਕੁਰਬਾਨੀ ਦੀ ਈਦ ਤੁਹਾਨੂੰ ਢੰਗ ਸਿਖਾਉਂਦੀ ਹੈ । ਤੁਹਾਨੂੰ ਰੱਬ ਦੀ ਰਜ਼ਾ ਅਨੁਸਾਰ ਚਲੱਣ ਵੱਲ ਧਿਆਨ ਦੁਆਉਂਦੀ ਹੈ । ਉਹਨਾਂ ਆਦੇਸ਼ਾਂ ਉਪੱਰ ਵਿਚਾਰ ਕਰਨ ਵੱਲ ਧਿਆਨ ਦੁਆਉਂਦੀ ਹੈ ਜੋ ਤਕਵਾ (ਸੰਜਮਤਾ) ਦੇ ਮਿਆਰ ਨੂੰ ਬੁਲੰਦ ਕਰਦੇ ਹਨ ।

ਸੋ, ਹਜ਼ਰਤ ਇਬਰਾਹੀਮ ਅਲੈਹਿ ਸਲਾਮ ਅਤੇ ਆਪਦੀ ਪਤਨੀ ਅਤੇ ਆਪਦੇ ਪੁਤੱਰ ਦੀ ਕੁਰਬਾਨੀ ਦੀ ਯਾਦ ਵਿੱਚ ਜੋ ਅਸੀਂ ਕੁਰਬਾਨੀ ਦੀ ਈਦ ਮਨਾਉਂਦੇ ਹਾਂ ਅਤੇ ਹੱਜ ਦੇ ਕਰਤਵ ਦੇ ਅੰਗ ਪੂਰੇ ਕਰਦੇ ਹਾਂ ਇਹ ਪ੍ਰਕਟ ਰੂਪ ਕੁਰਬਾਨੀਆਂ ਅਤੇ ਪ੍ਰਗਟਾਵਾ ਨਹੀਂ ਹਨ, ਸਗੋਂ ਇਕ ਬਹੁਤ ਵੱਡੇ ਮਨੋਰਥ ਵੱਲ ਧਿਆਨ ਖਿਚੱਣ ਵਾਲੇ ਹਨ । ਜੇਕਰ ਰੱਬ ਦੀ ਰਜ਼ਾ ਦੀ ਪ੍ਰਾਪਤੀ ਦੀ ਇਛੱਾ ਅਤੇ ਦੁਆ ਤੋਂ ਬਿਨਾਂ ਕੁਰਬਾਨੀਆਂ ਹਨ ਤਾਂ ਇਹ ਰੱਬ ਦੀ ਹਜ਼ੂਰੀ ਵਿਚ ਰੱਦ ਕਰਨ ਯੋਗ ਹਨ । ਇਹ ਉਸੇ ਪ੍ਰਕਾਰ ਬਰਬਾਦੀ ਦਾ ਸਬਬ ਬਣ

ਜਾਂਦੀਆਂ ਹਨ ਜਿਵੇਂ ਨਮਾਜ਼ਾਂ ਹਲਾਕਤ ਦਾ ਸਬਬ ਬਣਦੀਆਂ ਹਨ ਜੋ ਰੱਬ ਦੀ ਰਜ਼ਾ ਪ੍ਰਾਪਤ ਕਰਨ ਦੀ ਨੀਤ ਨਾਲ ਨਹੀਂ ਪੜ੍ਹੀਆਂ ਜਾਂਦੀਆਂ, ਸਗੋਂ ਕੇਵਲ ਦਿਖਾਵੇ ਲਈ ਹੁੰਦੀਆਂ ਹਨ । ਹੱਜ ਵੀ ਰੱਬ ਦੀ ਹਜ਼ੂਰੀ ਵਿੱਚ ਰੱਦ ਹੋ ਜਾਂਦੇ ਹਨ ਜੋ ਰੱਬ ਦੀ ਰਜ਼ਾ ਪ੍ਰਾਪਤ ਕਰਨ ਲਈ ਨਹੀਂ ਕੀਤੇ ਜਾਂਦੇ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਇਸ ਗੱਲ ਦੀ ਵਿਆਖਿਆ ਕਰਦਿਆਂ ਹੋਇਆਂ ਫ਼ਰਮਾਉਂਦੇ ਹਨ ਕਿ ਕੁਰਬਾਨੀ ਦੀ ਵਾਸਤਵਿਕਤਾ ਕੀ ਹੈ ਅਤੇ ਇਸ ਦਾ ਮਿਆਰ ਕੀ ਹੈ ? ਆਪ ਨੇ ਫ਼ਰਮਾਇਆ ਕਿ "ਅਸੀਂ ਕੇਵਲ ਇਕ ਕੁਰਬਾਨੀ ਦੇ ਮੁਥਾਜ ਹਾਂ ਜੋ ਆਪਣੇ ਨਫ਼ਸ ਦੀ ਕੁਾਰਬਾਨੀ ਹੈ, ਹਕੀਕੀ ਮੁਸਲਮਾਨ ਉਹੋ ਬਣਦਾ ਹੈ ਜੋ ਨਫ਼ਸ ਦੀ ਕੁਰਬਾਨੀ ਕਰੇ । ਫ਼ਰਮਾਇਆ ਕਿ ਇਹ ਪਿਆਰਾਂ ਨਾਂ (ਅਰਥਾਤ ਇਸਲਾਮ) ਸਾਰੀ ਸ਼ਰੀਅਤ ਦੀ ਆਤਮਾ ਅਤੇ ਆਰਿਆਂ ਆਦੇਸ਼ਾਂ ਦੀ ਜਾਨ ਹੈ । ਸੋ, ਇਸਲਾਮ ਦਾ ਸ਼ਬਦ ਇਸੇ ਗੱਲ ਵੱਲ ਸੰਕੇਤ ਕਰਦਾ ਹੈ ਕਿ ਹਕੀਕੀ ਕੁਰਬਾਨੀ ਲਈ ਕਾਮਲ ਮਆਰਫ਼ਤ ਅਤੇ ਕਾਮਲ ਮੁਹਬੱਤ ਦੀ ਲੋੜ ਹੈ ਅਤੇ ਕਿਸੇ ਹੋਰ ਚੀਜ਼ ਕੋਈ ਲੋੜ ਨਹੀਂ । ਇਸੇ ਵੱਲ ਰੱਬ ਕੁਰਆਨ ਸ਼ਰੀਫ਼ ਵਿੱਚ ਸੰਕੇਤ ਫ਼ਰਮਾਉਂਦਾ ਹੈ ਕਿ ਤੁਹਾਡੀਆਂ ਕੁਰਬਾਨੀਆਂ ਦੇ ਮਾਸ ਨ ਤਾਂ ਮੇਰੇ ਤੱਕ ਪਹੁੰਚ ਸਕਦੇ ਹਨ ਅਤੇ ਨ ਹੀ ਖ਼ੂਨ ਸਗੋਂ ਕੇਵਲ ਇਹ ਕੁਰਬਾਨੀ ਮੇਰੇ ਤੱਕ ਪਹੁੰਚਦੀ ਹੈ ਕਿ ਤੁਸੀਂ ਮੈਂਥੋਂ ਡਰੋ ਅਤੇ ਮੇਰੇ ਲਈ ਤਕਵਾ ਧਾਰਣ ਕਰੋ ।"

ਸੋ, ਇਸਲਾਮ ਨਾਂ ਹੈ ਤਕਵਾ' (ਸੰਜਮਤਾ) ਦਾ ਅਤੇ ਤਕਵਾ ਇਹ ਹੈ ਕਿ ਕਾਮਲ ਇਸ਼ਕ ਅਤੇ ਕਾਮਲ ਪ੍ਰੇਮ ਨਾਲ ਰੱਬ ਦੀ ਰਜ਼ਾ ਪ੍ਰਾਪਤ ਕਰਨੇ ਦੇ ਜਤਨ ਕਰਨਾ । ਉਸ ਦੇ ਦੱਸੇ ਹੋਏ ਅਦੇਸ਼ਾਂ ਉਪੱਰ ਅਮਲ ਕਰਨਾ ਅਤੇ ਫਿਰ ਇਹ ਵੀ ਪ੍ਰਤੱਖ ਰੂਪ ਵਿੱਚ ਆਪ ਨੇ ਦੱਸਿਆ ਕਿ ਇਸਲਾਮ ਦਾ ਮੁੱਢ ਦੋ ਗੱਲਾਂ ਉਪੱਰ ਹੈ ਇਕ ਰੱਬ ਦੇ ਹੱਕ ਪੂਰੇ ਕਰਨਾ ਦੂਜਾ ਉਸ ਦੀ ਮਖ਼ਲੂਕ ਦੇ ਹੱਕ ਪੂਰੇ ਕਰਨਾ ਅਤੇ ਇਹੋ ਉਹ ਹੱਕ ਹਨ ਜਿੰਨ੍ਹਾ ਨੂੰ ਕਾਇਮ ਕਰਨ ਲਈ ਹਜ਼ਰਤ ਇਬਰਾਹੀਮ ਅਤੇ ਹਜ਼ਰਤ ਇਸਮਾਈਲ ਅਲੈਹਿ ਸਲਾਮ ਤੋਂ ਕੁਰਬਾਨੀ ਲੈਣ ਮਗਰੋਂ ਖ਼ਾਨਾ ਕਾਬਾ ਦੀ ਨਵੇਂ ਸਿਰਿਓਂ ਉਸਾਰੀ ਕਰਵਾਈ ਸੀ ਅਤੇ ਇਸ ਮਨੋਰਥ ਨੂੰ ਆਪਣੇ ਬੰਸ ਵਿੱਚ ਜਾਰੀ ਰਖੱਣ ਲਈ ਇਹਨਾਂ ਦੋਹਾਂ ਵੱਡਿਆਈ ਯੋਗ ਨਬੀਆਂ ਨੇ ਦੁਆ ਕੀਤੀ ਸੀ ਕਿ ਇਹ ਹੱਕ ਉਸ ਸਮੇਂ ਉਚੱਤਮ ਮਿਆਰ ਉਪੱਰ ਅਤੇ ਸਥਾਈ ਕਾਇਮ ਹੋ ਸਕਦੇ ਹਨ ਜੱਦ ਕੋਈ ਅਜਿਹਾ ਮਨੁੱਖ ਪੈਦਾ ਹੋਵੇ ਜੋ ਇਹਨਾਂ ਹੱਕਾਂ (ਅਧਿਕਾਰਾਂ) ਦੇ ਕਾਇਮ ਕਰਨ ਲਈ ਅਦੁੱਤੀ ਉਧਾਰਣ ਉਪੱਰ ਆਪ ਵੀ ਕਾਇਮ ਹੋਵੇ । ਸੋ, ਉਹਨਾਂ ਨੇ ਦੁਆ ਕੀਤੀ ਕਿ ਰੱਬ ਸਾਡੀ ਇਸ ਨਿਗੁਣੀ ਕੁਰਬਾਨੀ ਅਤੇ ਦੁਆਵਾਂ ਨੂੰ ਕਬੂਲ ਫ਼ਾਮਾਉਂਦਿਆਂ ਹੋਇਆਂ ਉਸ ਨੂੰ ਸਾਡੇ ਬੰਸ ਵਿੱਚੋਂ ਪੈਦਾ ਕਰੇ । ਸੋ, ਰੱਬ ਨੇ ਉਹਨਾਂ ਦੋਹਾਂ ਨਬੀਆਂ ਦੀ ਦੁਆ ਨੂੰ ਸੁਣਿਆਂ ਅਤੇ ਉਹ ਮਹਾਨ ਰਸੂਲ ਹਜ਼ਰਤ ਇਸਮਾਈਲ ਅਲੈਹਿ ਸਲਾਮ ਦੇ ਬੰਸ ਵਿੱਚੋਂ ਪ੍ਰਕਟ ਹੋਇਆ ਜਿਸ ਨੇ ਆਪਣੀ ਜੀਵਨ ਸ਼ੈਲੀ ਤੇ ਆਚਰਣ ਹਕੂਕੁਲੱਾਹ (ਰੱਬ ਦੇ ਅਧਿਕਾਰ) ਦੀ ਅਦਾਇਗੀ ਲਈ ਵੀ ਕਾਇਮ ਕੀਤਾ ਅਤੇ ਹਕੂਕੁਲ ਇਬਾਦ (ਰੱਬ ਦੀ ਮਖ਼ਲੂਕ ਦੇ ਅਧਿਕਾਰ) ਦੀ ਅਦਾਇਗੀ ਲਈ ਵੀ ਕਾਇਮ ਕੀਤਾ । ਆਪ ਸਲੱਾਹੁ ਅਲੈਹਿ ਵਸਲਅਮ ਨੇ ਰੱਬ ਦੀ ਇਬਾਦਤ ਦੇ ਹੱਕਾਂ ਦੇ ਉਹ ਮਿਆਰ ਕਾਇਮ ਕੀਤੇ ਕਿ ਅਕਾਸ਼ਾਂ ਦੇ ਰੱਬ ਨੇ ਫ਼ਰਮਾਇਆ ਕਿ ਤੂੰ ਕਹਿ ਦੇ ਕਿ ਮੇਰੀ ਨਮਾਜ਼ ਅਤੇ ਮੇਰੀ ਕੁਰਬਾਨੀ ਅਤੇ ਮੇਰਾ ਜੀਵਨ ਅਤੇ ਮੇਰੀ ਮੌਤ ਅਲੱਾਹ ਲਈ ਹੈ ਜੋ ਸਾਰਿਆਂ ਜਹਾਨਾਂ ਦਾ ਰੱਬ ਹੈ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਇਸ ਦੀ ਵਿਆਖਿਆ ਕਰਦੇ ਹੋਏ ਫਰਮਾਉਂਦੇ ਹਨ ਕਿ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਨੂੰ ਫ਼ਰਮਾਇਆ ਗਿਆ ਕਿ ਤੂੰ ਕਹਿ ਦੇ ਕਿ ਮੇਰੀਆਂ ਸਾਰੀਆਂ ਇਬਾਦਤਾਂ ਰੱਬ ਲਈ ਹਨ ਅਰਥਾਤ ਇਬਾਦਤ ਨ ਨਫ਼ਸ ਲਈ ਹੈ ਨ ਮਖ਼ਲੂਕ ਲਈ ਅਤੇ ਨ ਹੀ ਦੇਖਣ ਨੂੰ ਅਜਿਹੇ ਲੋਕਾਂ ਲਈ ਜੋ ਨੇੜਤਾ ਰਖੱਣ ਵਾਲੇ ਹੁੰਦੇ ਹਨ । ਨ ਅਸਬਾਬ ਉਪੱਰ ਭਰੋਸਾ ਹੈ, ਨ ਹੀ ਉਹਨਾਂ ਨੂੰ ਪ੍ਰਾਪਤ ਕਰਨ ਲਈ ਹੈ ਅਤੇ ਫਿਰ ਇਸ ਦੇ ਬਾਦ ਫ਼ਰਮਾਇਆ ਕਿ ਮੇਰੀ ਕੁਰਬਾਨੀ ਵੀ ਖ਼ਾਸ ਰੱਬ ਲਈ ਹੈ ਅਤੇ ਮੇਰਾ ਜੀਣਾ ਵੀ ਅਤੇ ਮੇਰਾ ਮਰਨਾ ਵੀ ਰੱਬ ਲਈ ਹੈ । ਫ਼ਰਮਾਇਆ ਕੇਵਲ ਰੱਬ ਦੀ ਰਜ਼ਾ ਖ਼ਾਤਰ ਜੋ ਇਬਾਦਤ ਕੀਤੀ ਜਾਵੇ ਉਹ ਕੁਰਬਾਨੀ ਮੰਗਦੀ ਹੈ । ਅਤੇ ਜੋ ਕਾਮਲ ਕੁਰਬਾਨੀ ਹੁੰਦੀ ਹੈ ਅਤੇ ਰੱਬ ਦੀ ਰਜ਼ਾ ਪ੍ਰਾਪਤ ਕਰਨ ਲਈ ਤਕਵਾ (ਸੰਜਮਤਾ) ਉਪੱਰ ਚਲਦਿਆਂ ਹੋਇਆਂ ਜੋ ਕੁਰਬਾਨੀ ਕੀਤੀ ਜਾਵੇ ਉਹ ਫਿਰ ਇਬਾਦਤ ਬਣ ਜਾਂਦੀ ਹੈ । ਸੋ, ਇਹ ਉਹ ਮਿਆਰ ਸੀ ਜੋ ਉਸ ਕਾਮਲ ਨਬੀ ਨੂੰ ਪ੍ਰਾਪਤ ਹੋਇਆ । ਫਿਰ ਉਸ ਸੰਪੂਰਨ ਚਰਿਤੱਰ ਨੇ ਅਜਿਹੇ ਸਹਾਬਾ (ਸਾਥੀ) ਪੈਦਾ ਕੀਤੇ ਜੋ ਉਸ ਜੀਵਨ

ਸ਼ੈਲੀ ਉਪੱਰ ਚੱਲਣ ਦਾ ਜਤਨ ਕਰਨ ਵਾਲੇ ਸਨ । ਉਹਨਾਂ ਨੇ ਵੀ ਆਪਣੇ ਕੁਰਬਾਨੀ ਦੇ ਮਿਆਰ ਅਤੇ ਇਬਾਦਤ ਦੇ ਮਿਆਰ ਬੁਲੰਦ ਕੀਤੇ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਇਸ ਬਾਰੇ ਹੋਰ ਵਧੇਰੇ ਇਹ ਵੀ ਫ਼ਰਮਾਇਆ ਕਿ ਆਪ ਦੀਆਂ ਦੁਆਵਾਂ ਤੋਂ ਮਖ਼ਲੂਕ ਬਾਹਰ ਨਹੀਂ ਹੋ ਜਾਂਦੀ । ਇਕ ਅਜਿਹੀ ਅਵਸਥਾ ਹੈ ਜਿਸ ਵਿੱਚ ਨ ਅਸਬਾਬ ਹਨ ਨ ਮਖ਼ਲੂਕ ਹੈ ਨ ਨਫ਼ਸ ਹੈ । ਦੂਜੀ ਅਜਿਹੀ ਅਵਸਥਾ ਹੈ ਜਿਸ ਵਿੱਚ ਮਖ਼ਲੂਕ ਲਈ ਵੀ ਆਪ ਕੁਰਬਾਬਨੀ ਕਰ ਰਹੇ ਹਨ ਅਤੇ ਦੁਆ ਵੀ ਕਰ ਹਨ ।

ਫਿਰ ਇਸ ਗੱਲ ਦੀ ਵਿਆਖਿਆ ਕਰਦਿਆਂ ਹੋਇਆਂ ਆਪ ਫ਼ਰਮਾਓਂਦੇ ਹਨ ਕਿ ਮੇਰਾ ਜੀਣਾ ਅਤੇ ਮਰਨਾ ਉਸ ਰੱਬ ਲਈ ਹੈ ਜੋ ਸਾਰਿਆਂ ਜਹਾਨਾਂ ਦੀ ਦੇਖਰੇਖ ਵਿੱਚ ਲੱਗਿਆ ਹੋਇਆ ਹੈ (ਅਰਥਾਤ ਰੱਬੁਲ ਆਲਾਮੀਨ) ਇਸ ਵਿੱਚ ਇਹ ਸੰਕੇਤ ਹੈ ਕਿ ਮੇਰੀ ਕੁਰਬਾਨੀ ਵੀ ਸਾਰਿਆਂ ਜਹਾਨਾਂ ਲਈ ਹੈ । ਸੋ, ਜਿਸ ਦੀ ਕੁਰਬਾਨੀ ਅਤੇ ਇਬਾਦਤਾਂ ਸਾਰਿਆਂ ਜਹਾਨਾਂ ਦੀ ਭਲਾਈ, ਕੇਵਲ ਇਸ ਲਈ ਹੋਣ ਕਿ ਕਿਸੇ ਵੀ ਉਦੇਸ਼ ਤੋਂ ਬਿਨਾ ਰੱਬ ਦੀ ਰਜ਼ਾ ਪ੍ਰਾਪਤ ਕੀਤੀ । ਅਜਿਹੇ ਮਨੁੱਖ ਦੇ ਮਨ ਦੀ ਅਵਸਥਾ ਦਾ ਅੰਦਾਜ਼ਾ ਕੌਣ ਲਾ ਸਕਦਾ ਹੈ ਜੋ ਮਖ਼ਲੂਕ ਦੀ ਭਲਾਈ ਲਈ ਉਸ ਦੇ ਮਨ ਦੀ ਪੀੜ੍ਹਾ ਸੀ । ਅਰਥਾਤ ਸਭ ਤੋਂ ਵੱਧ ਤਾਂ ਇਹ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਦੇ ਮਨ ਵਿੱਚ ਸੀ । ਅਤੇ ਇਹੋ ਅਵਸਥਾ ਸੀ ਜਿਸ ਨੇ ਆਪ ਦੀਆਂ ਰਾਤਾਂ ਦੀਆਂ ਇਬਾਦਤਾਂ ਨੂੰ ਮਖ਼ਲੂਕ ਦੇ ਦੁੱਖ ਵਿੱਚ ਐਨ੍ਹਾਂ ਗੜੂੰਦ ਕੀਤਾ ਕਿ ਰੱਬ ਨੇ ਫ਼ਰਮਾਇਆ ਕਿ ਫ਼-ਲਾਅਲੱਾਕਾ ਬਾਖ਼ਿਉਨ ਨਫ਼ਸਾਕਾ ( فَلَعَلَّكَ بَاخِعٌ نَّفْسَكَ) ਕੀ ਤੂੰ ਉਹਨਾਂ ਲੋਕਾਂ ਕਰਕੇ ਆਪਣੇ ਆਪ ਨੂੰ ਹਲਾਕ ਕਰ ਲਏਂਗਾ ? ਇਹ ਉਹ ਕੁਰਬਾਨੀ ਦਾ ਉਚੱਤਮ ਮਿਆਰ ਸੀ ਜੋ ਜਿੱਥੇ ਇਕ ਪਾਸੇ ਰੱਬ ਲਈ ਸੀ ਤੇ ਦੂਜੇ ਪਾਸੇ ਮਖ਼ਲੂਕ ਦੇ ਦੁੱਖ ਨੇ ਵੀ ਬੇਚੈਨ ਕੀਤਾ ਹੋਇਆ ਸੀ । ਸੋ, ਕੁਰਬਾਨੀ ਦਾ ਇਹ ਹੱਕ ਸੀ ਜੋ ਉਸ ਮਹਾਨ ਰਸੂਲ ਸਲਲੱਾਹੁ ਅਲੈਹਿ ਵਸਲਅਮ ਨੇ ਅਦਾ ਕੀਤਾ । ਹਕੂਕੁਲ ਇਬਾਦ ਲਈ ਤਾਂ ਐਨ੍ਹੀ ਵੱਡੀ ਉਧਾਰਣ ਸੀ ਕਿ ਆਪਣੀ ਜਾਨ ਨੂੰ ਅਤਿਅੰਤ ਦੁਖੀ ਕਰ ਲਿਆ ਕਿ ਕਿਵੇਂ ਉਹਨਾਂ ਦਾ ਸੁਧਾਰ ਹੋ ਜਾਵੇ ।

ਆਪ ਨੇ ਮੁਸਲਮਾਨਾ ਨੂੰ ਨਸੀਹਤ ਕਰਦਿਆਂ ਹੋਇਆਂ ਫ਼ਰਮਾਇਆ ਕਿ ਮੁਸਲਮਾਨ ਉਹ ਹੈ ਜਿਸ ਦੇ ਮੁੱਖੋਂ ਅਤੇ ਹੱਥ ਨਾਲ ਦੂਜੇ ਮੁਸਲਮਾਨ ਸੁਰੱਖਿਅਤ ਰਹਿਣ । ਅਤੇ ਇਸ ਨੂੰ ਵਿਸਥਾਰ ਦੇਣ ਤਾਂ ਇਹ ਅਰਥ ਹੋਵੇਗਾ ਕਿ ਹਰ ਉਹ ਮਨੁੱਖ ਸੁਰੱਖਿਅਤ ਰਹੇ ਜੋ ਅਮਨ ਨਾਲ ਰਹਿਣ ਵਾਲਾ ਅਤੇ ਸਲਾਮਤੀ ਭੇਜਣ ਵਾਲਾ ਹੈ । ਜੱਦ ਆਪ ਨੇ ਇਕ ਵਾਰ ਇਕ ਸਭਾ ਵਿੱਚ ਫ਼ਰਮਾਇਆ ਕਿ ਧਰਮ ਤਾਂ ਖ਼ੈਰਖ਼ਵਾਹੀ ਦਾ ਨਾਂ ਹੈ । ਸਹਾਬਾ ਨੇ ਆਪ ਸਲਲੱਾਹੁ ਅਲੈਹਿ ਵਸਲਅਮ ਨੂੰ ਪੁੱਛਿਆ ਕਿ ਕਿਸ ਚੀਜ਼ ਦੀ ਖ਼ੈਰਖ਼ਵਾਹੀ ? ਇਸ'ਤੇ ਆਪ ਨੇ ਫ਼ਰਮਾਇਆ ਕਿ ਅਲੱਾਹ, ਉਸ ਦੇ ਰਸੂਲ, ਮੁਸਲਮਾਨ ਅਤੇ ਸਾਧਾਰਣ ਲੋਕਾਂ ਦੀ ਖ਼ੈਰ ਖ਼ਵਾਹੀ ।

ਸੋ, ਇਸਲਾਮ ਤਾਂ ਐਨ੍ਹਾ ਲੋਕਾਂ ਦੀ ਖ਼ੈਰਖ਼ਵਾਹੀ ਤੇ ਭਲਾਈ ਚਾਹੁੰਦਾ ਹੈ । ਇਸਲਾਮ ਉਪੱਰ ਇਹ ਆਰੋਪ ਕਿ ਇਹ ਕਰੂਰਤਾ ਦਾ ਧਰਮ ਹੈ ਇਸਲਾਮ ਦੀ ਮੁਢੱਲੀ ਸਿੱਖਿਆ ਦੇ ਹੀ ਵਿਰੁਧ ਹੈ ਅਤੇ ਇਸ ਵਿੱਚ ਅਖਵਾਉਂਦੇ ਮੁਸਲਮਾਨਾਂ ਲਈ ਵੀ ਪਾਠ ਹੈ ਸਗੋਂ ਕਹਿਣਾ ਚਾਹੀਦਾ ਹੈ ਕਿ ਆਦੇਸ਼ ਹੈ ਜੋ ਇਸਲਾਮ ਦੇ ਨਾਂ'ਤੇ ਅਤਿਆਚਾਰ ਤੇ ਕਰੂਰਤਾ ਕਰਦੇ ਹਨ ਕਿ ਇਹ ਵੀ ਆਪਣੀਆ ਹਾਲਤਾਂ ਉਪੱਰ ਗ਼ੌਰ ਕਰਨ । ਗ਼ਰੀਬਾਂ ਲਈ ਹਮਦਰਦੀ ਅਤੇ ਖ਼ੈਰਖਵਾਹੀ ਦਾ ਅਤੇ ਉਹਨਾਂ ਦੇ ਹੱਕ ਪੂਰੇ ਕਰਨ ਦਾ ਐਨ੍ਹਾ ਅਹਿਸਾਸ ਸੀ ਕਿ ਇਕ ਵਾਰ ਆਪ ਸਲਲੱਾਹੁ ਅਲੈਹਿ ਵਸਲਅਮ ਨੇ ਫ਼ਰਮਾਇਆ ਕਿ ਜੇਕਰ ਮੇਰੇ ਕੋਲ ਉਹਦ (ਪਹਾੜ) ਬਰਾਬਰ ਵੀ ਸੋਨਾ ਆ ਜਾਵੇ ਤਾਂ ਤੀਜਾ ਦਿਨ ਚੜ੍ਹਨ ਤੋਂ ਪਹਿਲਾਂ ਮੈਂ ਉਸ ਨੂੰ ਵੰਡ ਦਿਆਂ । ਜੁੱਧ ਦੇ ਉਸੂਲਾਂ ਉਪੱਰ ਆਪਨੇ ਸਖ਼ਤੀ ਨਾਲ ਅਮਲ ਕਰਵਾਏ ਕਿਸੇ ਮਾਸੂਮ (ਨਿਰਦੋਸ਼) ਨੂੰ, ਇਸਤਰੀਆਂ ਅਤੇ ਬੱਚਿਆਂ ਨੂੰ ਕਤਲ ਨਹੀਂ ਕਰਨਾ । ਮੱਠਵਾਸੀਆਂ ਨੂੰ ਕਤਲ ਨਹੀਂ ਕਰਨਾ, ਰੁੱਖਾਂ ਨੂੰ ਨਹੀਂ ਕਟੱਣਾ ਕਿਉਂਕਿ ਇਹ ਅਮਨ ਦੀਆਂ ਕਿਰਿਆਵਾਂ ਨੂੰ ਨਸ਼ਟ ਕਰਨ ਵਾਲੀਆਂ ਅਤੇ ਦੂਜਿਆਂ ਦੇ ਅਧਿਕਾਰਾਂ ਨੂੰ ਖੋਹਣ ਵਾਲੀਆਂ ਹਨ, ਰੱਬ ਨੂੰ ਨਰਾਜ਼ ਕਰਨ ਵਾਲੀਆਂ ਹਨ । ਇਹ ਉਸ ਦੇ ਗੁਣਾ ਦੇ ਵਿਰੁਧ ਹੈ ਕਿ ਇਸ ਪ੍ਰਕਾਰ ਦੀਆਂ ਹਰਕਤਾਂ ਉਸ ਦੇ ਮਨ੍ਹਣ ਵਾਲੇ ਕਰਨ । ਇਹ ਉਸ ਉਦੇਸ਼ ਤੋਂ ਦੂਰ ਲੈ ਜਾਣ ਵਾਲੀਆਂ ਹਨ ਜਿਸ ਲਈ ਰੱਬ ਨੇ ਖ਼ਾਨਾ ਕਾਬਾ ਦੀ ਉਸਾਰੀ ਕਰਵਾਈ ਸੀ । ਰੱਬ ਨੇ ਖ਼ਾਨਾ ਕਾਬਾ ਲਈ ਫ਼ਰਮਾਇਆਕਿ 'ਵ ਇਜ਼ ਜਾਅਲਨਲ ਬੈਤਾ ਮਸਾਬਾਤਨ ਲਿੰਨਾਸਿ ਵ ਅਮਨਾ' ( وَإِذْ جَعَلْنَا الْبَيْتَ مَثَابَةً لِّلنَّاسِ وَأَمْنًا) ਰੱਬ ਦਾ ਨਾਂ ਅਸੱਲਾਮ (ਸਲਾਮਤੀ ਵਾਲਾ) ਵੀ ਹੈ ਕਿ ਇਹ ਜੋ ਅਕਾਸ਼ ਉਪੱਰ 'ਅਸੱਲਾਮ' ਰੱਬ ਦੀ ਇਛੱਾ ਹੈ ਕਿ

ਦੁਨੀਆ ਵਿੱਚ ਅਮਨ ਕਾਇਮ ਹੋਵੇ, ਇਸ ਲਈ ਜ਼ਰੂਰੀ ਸੀ ਕਿ ਅਸੀਂ ਇਕ ਕੇਂਦਰ ਕਾਇਮ ਕਰਦੇ ਜੋ ਦੁਨੀਆ ਨੂੰ ਅਮਨ ਦੇਣ ਵਾਲਾ ਹੋਵੇ । ਅਤੇ ਜਿਵੇਂ ਕਿ ਮੈਂ ਪਵਿੱਤਰ ਆਇਤ ਦਾ ਇਹ ਭਾਗ ਪੜ੍ਹਿਆ ਹੈ ਅਸੀਂ ਬੈਤੁੱਲਾਹ ਨੂੰ ਉਹ ਥਾਂ ਬਣਾ ਦਿੱਤਾ ਹੈ, ਉਹ ਅਦਾਰਾ ਬਣਾ ਦਿੱਤਾ ਜਿੱਥੇ ਚਾਰੇ ਪਾਸਿਓਂ ਲੋਕ ਇਕਤੱਰ ਹੋਣਗੇ ਅਤੇ ਅਮਨ ਦਾ ਪਾਠ ਲੈਣਗੇ । ਪਰ ਬਦਕਿਸਮਤੀ ਹੈ ਕਿ ਅੱਜ ਕਲ ਮੁਸਲਮਾਨ ਮੌਲਵੀਆਂ ਦੀ ਅਤੇ ਮੁਸਲਮਾਨਾਂ ਦੀਆਂ ਸਰਕਾਰਾਂ ਵੀ, ਲੀਡਰਾਂ ਦੀ ਵੀ ਅਤੇ ਸਾਧਾਰਣ ਲੋਕਾਂ ਦੀ ਬਹੁ ਗਿਣਤੀ ਦੀ ਜੋ ਅਵਸਥਾ ਹੈ ਉਹ ਇਸ ਦੇ ਉਕੱਾ ਹੀ ਵਿਪਰੀਤ ਹੈ । ਇਹਨਾਂ ਦਿਨਾਂ ਵਿੱਚ ਲੱਖਾਂ ਹੀ ਲੋਕ ਏਥੇ ਹਰ ਸਾਲ ਹੱਜ ਲਈ ਇਕਤਰ ਹੁੰਦੇ ਹਨ ਕਈ ਵਾਰ ਅਜਿਹੀਆਂ ਰਿਪੋਰਟਾਂ ਆਉਂਦੀਆਂ ਹਨ ਕਿ ਓਥੇ ਲੜਾਈਆਂ ਝਗੜੇ ਹੋ ਜਾਂਦੇ ਹਨ ਪਰ ਕਈ ਵਾਰ ਸਰਕਾਰ ਸਖ਼ਤੀ ਨਾਲ ਰੋਕ ਵੀ ਦਿੰਦੀ ਹੈ ਜੱਦ ਹੱਜ ਕਰਕੇ ਬਾਹਰ ਨਿਕਲਦੇ ਹਨ ਤਾਂ ਇਸ ਅਦਾਰੇ ਤੋਂ ਕੁਝ ਸਿਖੱਣ ਦੀ ਥਾਂ ਕੇਵਲ ਹਾਜੀ ਦਾ ਲੇਬਲ (Label) ਲਗਾਕੇ ਵਾਪਸ ਆਉਂਦੇ ਹਨ । ਇਹ ਲੋਕ ਓਥੇ ਜਾਂਦੇ ਹਨ ''ਲੱਬੈਕਾ ਅਲੱਾਹੁਮੱਾ ਲਬੈਕਾ'' (لَبَّيْكَ اَللّٰهُمَّ لَبَّيْكَ) ਤਾਂ ਕਹਿੰਦੇ ਹਨ ਪਰ ਕੇਵਲ ਮੂੰਹੋਂ । ਅਤੇ ਹੱਜ ਉਪੱਰ ਜਾਣ ਵਾਲੇ ਇਹੋ ਲੋਕ ਜਿੰਨ੍ਹਾ ਲਈ ਇਹ ਆਜ਼ਾਦੀ ਹੈ ਕਿ ਉਹ ਹੱਜ ਉਪੱਰ ਜਾਣ ਉਹਨਾਂ ਵਿੱਚੋਂ ਅਧਿਕਤਰ ਇਸਲਾਮ ਅਤੇ ਰੱਬ ਦੇ ਨਾਂ'ਤੇ ਕਰੂਰਤਾ ਤੇ ਅਤਿਆਚਾਰ ਕਰ ਰਹੇ ਹਨ । ਕਿੰਨ੍ਹੀ ਬਦਕਿਸਮਤੀ ਹੈ, ਇਸ ਪ੍ਰਕਾਰ ਦੇ ਮੁਸਲਮਨਾਂ ਦੀ ਜੋ ਅਲੱਾਹ ਤੇ ਰਸੂਲ ਦੇ ਆਦੇਸ਼ਾਂ ਉਪੱਰ ਚਲੱਣ ਦੀ ਥਾਂ ਉਸ ਤੋਂ ਦੂਰ ਹੱਟ ਰਹੇ ਹਨ । ਕੁਰਬਾਨੀਆਂ ਦੇਣ ਦਾ ਉਚੱਤਮ ਮਿਆਰ ਕਇਮ ਕਰਦਿਆਂ ਹੋਇਆਂ, ਰਸੂਲੇ ਪਾਕ ਸਲਲੱਾਹੁ ਅਲੈਹਿ ਵਸਲਅਮ ਦੀ ਜੀਵਨ ਸ਼ੈਲੀ ਉਪੱਰ ਚਲਦਿਆਂ ਹੋਇਆਂ, ਉਸ ਰੂਹ ਤੇ ਆਤਮਾ ਨੂੰ ਸਮਝਦਿਆਂ ਹੋਇਆਂ ਆਪਣੀਆਂ ਇਬਾਦਤਾਂ ਅਤੇ ਆਪਣੀਆਂ ਕੁਰਬਾਨੀਆਂ ਅਲੱਾਹ ਲਈ ਕਰਨ ਦੀ ਥਾਂ ਅਤੇ ਮਖ਼ਲੂਕ ਦੀ ਭਲਾਈ ਲਈ ਆਪਣੀਆਂ ਦੁਆਵਾਂ ਅਤੇ ਆਪਣੇ ਗੁਣਾ ਅਤੇ ਮਾਲ ਕੁਰਬਾਨ ਕਰਨ ਦੀ ਥਾਂ ਇਹ ਲੋਕ ਕਰੂਰਤਾ ਤੇ ਅਤਿਆਚਾਰ ਕਰ ਰਹੇ ਹਨ । ਅਮਨ ਕਾਇਮ ਕਰਨ ਲਈ ਜੋ ਅਦਾਰਾ ਰੱਬ ਨੇ ਬਣਾਇਆ ਜਿਵੇਂ ਕਿ ਮੈਂ ਹੁਣੇ ਹੀ ਦੱਸਿਆ, ਖ਼ਾਨਾ ਕਾਬਾ ਇਹ ਅਦਾਰਾ ਹੈ । ਫਿਰ ਇਸ ਦਾ ਉਸਤਾਦ ਆਪਣੇ ਉਸ ਪਿਆਰੇ ਨਬੀ ਨੂੰ ਬਣਾਇਆ ਜਿਸ ਦਾ ਨਾਂ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਹੈ । ਅਤੇ ਇਸ ਨਾਂ'ਤੇ ਇਹ ਸਾਰੇ ਅਤਿਆਚਾਰ ਹੁੰਦੇ ਹਨ । ਨ ਖ਼ਾਨਾ ਕਾਬਾ ਦਾ ਸਨਮਾਨ, ਨ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਦੀ ਸਿੱਖਿਆ ਦਾ ਸਨਮਾਨ । ਅਲੱਾਹ ਤਆਲਾ ਤਾਂ ਫ਼ਰਮਾਉਂਦਾ ਹੈ ਕਿ 'ਕਦ ਜਾਆਕੁਮ ਮਿਨਲੱਾਹਿ ਨੂਰੁਨ ਵ ਕਿਤਾਬੁੰਮ ਮੁਬੀਨ'(قَدْ جَاءَكُمْ مِّنَ اللّٰهِ نُوْرٌ وَّ كِتَابٌ مُّبِيْنٌ) ਅਰਥਾਤ ਤੁਹਾਡੇ ਕੋਲ ਅਲੱਾਹ ਵੱਲੋਂ ਇਕ ਨੂਰ ਆਇਆ ਜੋ ਮੁਹਮੱਦ ਸਲਲੱਾਹੁ ਅਲੈਹਿ ਵਸਲਮਅ ਹਨ ਅਤੇ ਇਕ ਕਿਤਾਬ 'ਮੁਬੀਨ' (ਖੁੱਲੀ) ਹੈ ਜੋ ਹਰ ਪ੍ਰਕਾਰ ਦੀਆਂ ਸਮੱਸਿਆਵਾਂ ਨੂੰ ਹਲ ਕਰਨ ਵਾਲੀ ਹੈ । ਸੋ, ਤੁਸੀਂ ਉਸ ਕਿਤਾਬ ਤੋਂ ਸੁਮਾਰਗ ਪ੍ਰਾਪਤ ਕਰੋ, ਪਰ ਤੁਸੀਂ ਆਪ ਇਹਨਾਂ ਗੱਲਾਂ ਨੂੰ ਸਮਝ ਨਹੀਂ ਸਕਦੇ । ਇਸ ਲਈ ਇਸ ਨੂੰ ਸਮਝਣ ਲਈ ਉਸ ਰਸੂਲ ਵੱਲ ਦੇਖੋ ਜੋ ਇਸ ਦਾ ਕਾਮਲ ਤੇ ਸੰਪੂਰਨ ਨਮੂਨਾ ਹੈ ਜਿਸ ਬਾਰੇ ਹਜ਼ਰਤ ਆਇਸ਼ਾ ਰਜ਼ੀ ਅਲੱਾਹ ਅਨਹਾ ਨੇ ਫ਼ਰਮਾਇਆ ਸੀ ਕਿ 'ਕਾਨਾ ਖ਼ੁਲੁਕੁਹੁਲ ਕੁਰਆਨਾ' (كَانَ خُلُقُهُ الْقُرْاٰن)

ਸੋ, ਕੀ ਆਪ ਦੇ ਆਚਰਣ ਉਪੱਰ ਕੋਈ ਅਜਿਹਾ ਦਾਗ਼ ਲਾ ਸਕਦਾ ਹੈ ਕਿ ਆਪ ਨੇ ਕਿਸੇ ਦਾ ਹੱਕ ਮਾਰਿਆ ਹੋਵੇ, ਕਿਸੇ ਉਪੱਰ ਜ਼ੁਲਮ ਕੀਤਾ ਹੋਵੇ, ਯਤੀਮਾ, ਮਿਸਕੀਨਾ, ਵਿਧਵਾਵਾਂ, ਕਮਜ਼ੋਰਾਂ ਅਤੇ ਬੱਚਿਆਂ ਦੇ ਹੱਕ ਮਾਰੇ ਹੋਣ । ਨਹੀਂ, ਸਗੋਂ ਆਪ ਤਾਂ ਇਹਨਾਂ ਸਾਰਿਆਂ ਦੀ ਪਨਾਹ ਸਨ । ਕੀ ਇਸ ਉਸਤਾਦ ਦੀ ਸਿੱਖਿਆ ਉਪੱਰ ਅੱਜ ਮੁਸਲਮਾਨਾਂ ਦੀ ਬਹੁ ਗਿਣਤੀ ਅਮਲ ਕਰਨ ਵਾਲੀ ਹੈ । ਉਹ ਲੋਕ ਜੋ ਆਪ ਨੂੰ ਮਾਰ ਮੁਕਾਉਣਾ ਚਾਹੁੰਦੇ ਸਨ ਅਤੇ ਇਸਲਾਮ ਨੂੰ ਖ਼ਤਮ ਕਰਨਾ ਚਾਹੁੰਦੇ ਸਨ । ਜਿੰਨ੍ਹਾ ਨੇ ਆਪ ਉਪੱਰ ਹਮਲੇ ਕੀਤੇ, ਜੰਗਾ ਥੋਪੀਆ ਆਪ ਨੇ ਉਹਨਾਂ ਕੈਦੀਆਂ ਨਾਲ ਵੀ ਨਰਮੀ ਦਾ ਵਰਤਾਉ ਕੀਤਾ । ਆਪ ਨੇ ਨਿਆਏ ਸਥਾਪਨ ਕਰਨ ਲਈ ਮਿਤੱਰ ਦੁਸ਼ਮਣ ਨਾਲ ਵੀ ਬਰਾਬਰੀ ਦਾ ਵਰਤਾਉ ਕੀਤਾ ਕਿ ਇਹ ਰੱਬ ਦਾ ਆਦੇਸ਼ ਹੈ । ਆਪ ਦੀ ਰਹਿਮਤ ਤੇ ਦਿਆਲਤਾ ਸਾਰਿਆਂ ਲੋਕਾਂ ਉਪੱਰ ਭਾਰੀ ਸੀ । ਇਸ ਲਈ ਰੱਬ ਨੇ ਆਪ ਨੂੰ 'ਰਹਿਮਾਤੁਲ ਲਿਲਆਲਾਮੀਨ' (رَحْمَةً لِّلْعٰلَمِيْنَ) ਬਣਾਇਆ ਸੀ । ਇਹਨਾਂ ਲੋਕਾਂ ਦੀਆਂ ਕੀ ਕਰਤੂਤਾਂ ਹਨ । ਆਮ ਅਖ਼ਬਾਰੀ ਨੁਮਾਇੰਦੇ ਨੂੰ ਫ਼ੜਦੇ ਹਨ, ਕਿਸੇ ਮਾਸੂਮ ਨੂੰ ਫੜ੍ਹਦੇ ਹਨ ਉਸ ਦਾ ਸਿਰ ਸ਼ਰੀਰ ਤੋਂ ਅੱਡ ਕਰ ਦਿੰਦੇ ਹਨ । ਇਹ ਕਿਹੜਾ ਇਸਲਾਮ ਹੈ ਜਿਸ'ਤੇ ਇਹ ਅੱਜ ਕਲ ਅਮਲ ਹੋ ਰਿਹਾ ਹੈ ।

ਆਪ ਨੇ ਤਾਂ ਆਪਣੀ ਰਹਿਮਤ ਨੂੰ ਐਨ੍ਹਾ ਵਿਸ਼ਾਲ ਕੀਤਾ ਕਿ ਅਖ਼ੀਰ ਇਸ ਅਮਲ ਨੂੰ ਦੇਖਦਿਆਂ ਹੋਇਆਂ ਆਪ ਦੇ ਜਾਨੀ ਦੁਸ਼ਮਣ ਵੀ ਆਪ ਦੇ ਗ਼ੁਲਾਮ ਬਣ ਗਏ । ਆਪ ਨੇ ਆਪਣੀ ਰਹਿਮਤ ਨੂੰ ਵਿਸ਼ਾਲ ਕਰਨ ਲਈ ਕੁਰਬਾਨੀ ਦਿੱਤੀ ਅਤੇ ਕੁਰਬਾਨੀ ਦੇ ਤੌਰ ਤਰੀਕੇ ਆਪਣੇ ਸਹਾਬਾ ਨੂੰ ਸਿਖਾਏ । ਇਹ ਕੇਵਲ ਬਕਰੀਆਂ ਅਤੇ ਭੇਡਾਂ ਦੀ ਕੁਰਬਾਨੀ ਨਹੀਂ ਸੀ । ਇਹ ਨਫ਼ਸ (ਆਪੇ) ਦੀ ਕੁਰਬਾਨੀਆਂ ਸਨ । ਜੇਕਰ ਦੁਸ਼ਮਣ ਵੱਲੋਂ ਜੰਗ ਦੀ ਅਵਸਥਾ ਪੈਦਾ ਕੀਤੀ ਗਈ ਤਾਂ ਓਥੇ ਵੀ ਆਪ ਨੇ ਹਰ ਮਾਸੂਮ (ਨਿਦੋਸ਼) ਦੀ ਜਾਨ ਦੀ ਜ਼ਮਾਨਤ ਦਿੱਤੀ । ਜੰਗੀ ਕੈਦੀਆਂ ਨਾਲ ਨਰਮੀ ਦਾ ਵਰਤਾਉ ਕਰਕੇ ਉਹਨਾਂ ਨੂੰ ਅਜ਼ਾਦ ਕੀਤਾ ਗਿਆ । ਕੀ ਇਹ ਉਹ ਸਿੱਖਿਆ ਹੈ ਜਿਸ ਉਪੱਰ ਅੱਜ ਇਹ ਕਟੱੜਵਾਦੀ ਧੜੇ ਅਮਲ ਕਰ ਰਹੇ ਹਨ । ਆਪਣੇ ਨਿਰਦੋਸ਼ਾਂ ਦੀ, ਕਲਮਾ ਪੜ੍ਹਨ ਵਾਲਿਆਂ ਦੀ ਜਾਨਾਂ ਅਕਾਰਣ ਹੀ ਲਈ ਜਾ ਰਹੇ ਹਨ, ਬੱਚਿਆਂ ਦੀ ਸੋਚ ਨੂੰ ਵਿਸ਼ ਨਾਲ ਭਰ ਕੇ ਉਹਨਾਂ ਨੂੰ ਖ਼ੁਦਕਸ਼ (ਆਤਮਘਾਤੀ) ਹਮਲਿਆਂ ਉਪੱਰ ਮਜਬੂਰ ਕਰਦੇ ਹਨ ਅਤੇ ਕਹਿੰਦੇ ਹਨ ਕਿ ਇਹ ਕੁਰਬਾਨੀਆਂ ਹਨ ਜੋ ਅਸੀਂ ਦਿੰਦੇ ਹਾਂ । ਇਹ ਉਹ ਹਰਕਤਾਂ ਹਨ ਜੋ ਸਿਵਾਏ ਰੱਬ ਦੀ ਲਾਨ੍ਹਤ ਸਹੇੜਨ ਦੇ ਹੋਰ ਕੁਝ ਨਹੀਂ । ਰੱਬ ਤਾਂ ਕਹਿੰਦਾ ਹੈ ਕਿ ਇਕ ਕਲਮਾ ਪੜ੍ਹਨ ਵਾਲੇ ਦੀ ਜਾਨ ਲੈਣਾ ਨਰਕ ਵਿੱਚ ਪਹੁੰਚਾਉਂਦਾ ਹੈ । ਇਹ ਕਿਸ ਪ੍ਰਕਾਰ ਦਾ ਸਵਰਗ ਭਾਲ ਰਹੇ ਹਨ । ਚੇਤੇ ਨਹੀਂ ਰੱਖਦੇ ਕਿ ਸਾਡੇ ਪਿਆਰੇ ਨਬੀ ਸਲਲੱਾਹੁ ਅਲੈਹਿ ਵਸਲਅਮ ਨੇ ਹੱਜਾਤੁਲ ਵਿਦਾ ਦੇ ਮੌਕੇ ਉਪੱਰ ਕੀ ਫ਼ਰਮਾਇਆ ਸੀ ? ਆਪ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਅਮ ਦੇ ਅਖੀਰੀ ਸ਼ਬਦਾਂ ਦਾ ਵੀ ਇਹ ਲੋਕ ਸਨਮਾਨ ਨਹੀਂ ਕਰਦੇ ਅਤੇ ਫਿਰ ਵੀ ਮੁਸਲਮਾਨ ਹਨ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਦਾ ਖ਼ੁਤਬਾ ਜੋ ਕਿ ਮਾਰਗ ਦਰਸ਼ਕ ਹੈ ਜੋ ਹਰ ਮੁਸਲਮਾਨ ਨੂੰ ਹਕੀਕੀ ਮੁਸਲਮਾਨ ਬਣਾਉਂਦਾ ਹੈ ।

ਹਜ਼ਰਤ ਇਬਨੇ ਅਬੱਾਸ ਰਜ਼ੀ ਅਲੱਾਹ ਅਨਹੁ ਬਿਆਨ ਕਰਦੇ ਹਨ ਕਿ ਹਜ਼ਰਤ ਮੁਹਮੱਦ ਸਲੱਾਹੁ ਅਲੈਹਿ ਵਸਲਅਮ ਨੇ ਹੱਜਾਤੁਲ ਵਿਦਾ ਦੇ ਮੌਕੇ'ਤੇ ਫ਼ਰਮਾਇਅ ਕਿ ਹੇ, ਲੋਕੋ ! ਸੁਣੋਂ !! ਤੁਹਾਡੇ ਧੰਨ ਮਾਲ ਅਤੇ ਤੁਹਾਡੇ ਖ਼ੂਨ ਅਤੇ ਤੁਹਾਡੀ ਆਬਰੂਆਂ (ਇਜ਼ੱਤ) ਉਸੇ ਪ੍ਰਕਾਰ ਸਨਮਾਨ ਯੋਗ ਹਨ ਅਤੇ ਸੁਰਿੱਖਆ ਯੋਗ ਹਨ ਅਤੇ ਉਹਨਾਂ ਦੀ ਹਤੱਕ ਤੁਹਾਡੇ ਲਈ ਹਰਾਮ ਹੈ ਜਿਵੇਂ ਇਹ ਦਿਨ, ਇਹ ਸ਼ਹਿਰ, ਅਤੇ ਇਹ ਮਹੀਨਾ ਤੁਹਾਡੇ ਲਈ ਸਨਮਾਨ ਯੋਗ ਅਦਬ ਯੋਗ ਹੈ ਅਤੇ ਜਿਸ ਦੀ ਹਤੱਕ ਤੁਹਾਡੇ'ਤੇ ਹਰਾਮ ਹੈ । ਹਜ਼ੂਰ ਸਲਲੱਾਹੁ ਅਲੈਹਿ ਵਸਲਅਮ ਨੇ ਇਸ ਗੱਲ ਨੂੰ ਕਈ ਵਾਰ ਦਹੁਰਾਇਆ । ਫਿਰ ਆਪ ਨੇ ਆਪਣਾ ਸਿਰ ਆਕਾਸ਼ ਵੱਲ ਚੁੱਕਿਆ ਅਤੇ ਕਿਹਾ, ਹੇ, ਮੇਰੇ ਅਲੱਾਹ ! ਕੀ ਮੈਂ ਤੇਰਾ ਸੰਦੇਸ਼ ਪਹੁੰਚਾ ਦਿੱਤਾ ਹੈ, ਇਹ ਸ਼ਬਦ ਵੀ ਕਈ ਵਾਰ ਆਪ ਨੇ ਦਹੁਰਾਏ । ਫਿਰ ਆਪਨੇ ਲੋਕਾਂ ਨੂੰ ਸੰਬੋਧਨ ਕਰਦਿਆਂ ਹੋਇਆਂ ਫ਼ਰਮਾਇਆ ਕਿ ਦੇਖੋ ਜੋ ਏਥੇ ਮੌਜੂਦ ਹਨ ਉਹ ਇਹ ਗੱਲਾਂ ਲੋਕਾਂ ਤੱਕ ਪਹੁੰਚਾ ਦੇਣ ਜੋ ਇਸ ਮੌਕੇ ਏਥੇ ਮੌਜੂਦ ਨਹੀਂ । ਆਪ ਨੇ ਇਹ ਵੀ ਫ਼ਰਮਾਇਆ ਕਿ ਚੇਤੇ ਰੱਖੋ ਕਿ ਮੇਰੇ ਬਾਦ ਕਾਫ਼ਰ ਨ ਬਣ ਜਾਣਾ ਇਕ ਦੂਜੇ ਦੀਆਂ ਗਰਦਨਾ ਮਾਰਦੇ ਫਿਰੋ ਅਤੇ ਰਕਤਪਾਤ ਕਰਨ ਲੱਗ ਜਾਓ । ਇਹ ਵਾਸਤਵ ਵਿੱਚ ਰੱਬ ਦੀ ਹਜ਼ੂਰੀ ਵਿੱਚ ਇਸ ਗੱਲ ਦਾ ਖੁਲੱਾ ਪ੍ਰਗਟਾਵਾ ਸੀ ਕਿ ਆਪ ਸਲਲੱਾਹੁ ਅਲੈਹਿ ਵਸਲਅਮ ਨੇ ਪ੍ਰਚਾਰ ਦਾ ਕਰਤਵ ਬਹੁਤ ਹੀ ਚੰਗੇ ਢੰਗ ਨਾਲ ਪੂਰਾ ਕਰ ਦਿੱਤਾ ਹੈ ਅਤੇ ਲੋਕਾਂ ਨੂੰ ਉਹਨਾਂ ਦਾ ਅਸਲ ਫ਼ਰਜ਼ ਚੰਗੀ ਤਰ੍ਹਾਂ ਸਮਝਾ ਦਿਤੱਾ ਹੈ ਕਿ ਮਨੁੱਖ ਦੇ ਮੁਢੱਲੇ ਅਧਿਕਾਰਾਂ ਦਾ ਹਮੇਸ਼ਾ ਖ਼ਿਆਲ ਰੱਖਣਾ । ਉਹਨਾਂ ਦੇ ਧੰਨ ਮਾਲ, ਉਹਨਾਂ ਦੀਆਂ ਜਾਨਾ ਅਤੇ ਉਹਨਾਂ ਦੀਆਂ ਆਬਰੂਆਂ (ਇਜ਼ੱਤ) ਲਈ ਕਦੇ ਵੀ ਖ਼ਤਰਾ ਨਹੀਂ ਬਨਣਾ । ਇਹ ਹੈ ਉਹ ਆਪ ਸਲਲੱਾਹੁ ਅਲੈਹਿ ਵਸਲਅਮ ਦਾ ਅਖੀਰਲਾ ਸੰਦੇਸ਼ ਆਪਣੀ ਉਮੱਤ ਨੂੰ । ਉਹਨਾਂ ਨੂੰ ਇਸ ਪਰੀਭਾਸ਼ਾ ਦੇ ਪਰਿਭੇਖ ਆਪਣੀ ਪੜਚੋਲ ਕਰਨੀ ਚਾਹੀਦੀ ਹੈ ।

ਸੋ, ਇਹ ਕੁਰਬਾਨੀ ਕਰਨ ਦੀ ਨਸੀਹਤ ਹੈ ਜੋ ਆਪ ਸਲਲੱਾਹੁ ਅਲੈਹਿ ਵਸਲਅਮ ਨੇ ਫ਼ਰਮਾਈ ਹੈ ਜਿਸ ਦੀ ਪ੍ਰਤਖਤਾ ਨਿਸ਼ਚੇ ਹੀ ਇਬਨੇ ਅਬੱਸ ਨੇ ਉਚਿਤ ਕੀਤੀ ਹੈ ਕਿ ਆਪ ਸਲਲੱਾਹੁ ਅਲਹਿ ਵਸਲਅਮ ਨੇ ਇਸ ਗੱਲ ਨੂੰ ਵਿਸਥਾਰ ਨਾਲ ਦੱਸ ਦਿੱਤਾ ਕਿ ਮੁਢੱਲੇ ਅਧਿਕਾਰਾਂ ਦਾ ਹਮੇਸ਼ਾ ਖ਼ਿਆਲ ਰੱਖਣਾ । ਜੇਕਰ ਆਪਣਿਆਂ ਨਾਲ 'ਰੁਹਾਮਾਓ ਬੈਨਾਹੁਮ' (رُحَمَآءُ بَيۡنَهُمۡ) ਦੇ ਵਰਤਾਉ ਦਾ ਆਦੇਸ਼ ਹੈ ਤਾਂ ਦੂਜਿਆਂ ਸਗੋਂ ਦੁਸ਼ਮਣਾ ਤੱਕ ਨਾਲ ਇਹ ਆੁਦੇਸ਼ ਹੈ ਕਿ 'ਵਲਾ ਯਜਰਿ ਮਨੱਾਕੁਮ ਸ਼ਨਾਨੁ ਕੌਮਿਨ ਅਲਾ ਅਲੱਾ ਤਾਦਿਲੂ' ( وَلَا يَجۡرِمَنَّكُمۡ شَنَـَٔانُ قَوۡمٍ عَلَىٰٓ أَلَّا تَعۡدِلُواْ) ਅਤੇ ਕਿਸੇ ਕੌਮ ਦੀ ਦੁਸ਼ਮਣੀ ਤੁਹਾਨੂੰ ਉਕੱਾ ਹੀ ਇਸ ਗੱਲ'ਤੇ ਪ੍ਰੇਰਤ ਨ

ਕਰੇ ਕਿ ਤੁਸੀਂ ਨਿਆਂ ਨ ਕਰੋ । ਸੋ, ਕਿੱਥੇ ਹਨ ਉਹ ਮੁਸਲਮਾਨ ਸਰਕਾਰਾਂ ਅਤੇ ਮੁਸਲਮਾਨ ਧੜੇ ਜੋ ਇਨਸਾਫ਼ ਕਾਇਮ ਕਰਕੇ ਦੁਨੀਆ ਵਿੱਚ ਅਮਨ ਸ਼ਾਂਤੀ ਪੱਕੀ ਕਰ ਰਹੇ ਹਨ । ਕੋਈ ਇਕ ਵੀ ਹੈ ਇਹਨਾਂ ਵਿੱਚੋਂ ? ਇਹਨਾਂ ਆਦੇਸ਼ਾਂ ਵਿੱਚੋਂ ਕਿਸੇ ਅਲਕਾਇਦਾ ਦੀ ਜਾਂ ਤਾਲਬਾਨ ਦੀ ਜਾਂ ਅਫਰੀਕਾ ਵਿੱਚ ਬਾਕੋਹਰਾਮ ਹੈ ਜਾਂ ਇਸਲਾਮ ਨੇ ਨਾਂ ਉਪੱਰ ਅਤਿਆਚਾਰੀ ਸਰਕਾਰਾਂ ਅਤੇ ਖ਼ਿਲਾਫ਼ਤ ਕਾਇਮ ਕਰਨ ਵਾਲਿਆਂ ਦੀ ਕਿੱਥੇ ਥਾਂ ਹੈ ? ਚਾਹੀਦਾ ਤਾਂ ਇਹ ਸੀ ਕਿ ਅਮਨ ਕਾਇਮ ਕਰਨ ਵਾਲੇ ਅਦਾਰੇ ਅਮਨ ਦੇ ਬਾਦਸ਼ਾਹ ਰਸੂਲ ਸਲਲੱਾਹੁ ਅਲੈਹਿ ਵਸਲਅਮ ਅਤੇ ਅਮਨ ਸ਼ਾਂਤੀ ਤੇ ਪਿਆਰ ਦੀ ਸਿੱਖਿਆ ਦੇਣ ਵਾਲੀ ਕਿਤਾਬ ਤੋਂ ਲਾਭ ਉਠਾਕੇ ਕੌਮ ਨੂੰ ਇਕ ਉਮੱਤ ਬਣਾਉਂਦੇ । ਅਤੇ ਫਿਰ ਇਸ ਜੁੱਗ ਵਿੱਚ ਤਾਂ ਇਹ ਹੋਰ ਵੀ ਰੱਬ ਦੇ ਨੇੜੇ ਹੋਰ ਵੀ ਪਕੜ ਯੋਗ ਬਣ ਜੋਂਦੇ ਹਨ, ਜੱਦ ਕਿ ਰੱਬ ਅਤੇ ਉਸ ਦੇ ਰਸੂਲ ਸਲਲੱਾਹੁ ਅਲੈਹਿ ਵਸਲਅਮ ਦੀ ਕੇਵਲ ਵਾਰਨਿੰਗ ਹੀ ਨਹੀਂ ਸਗੋਂ ਰੱਬ ਦੇ ਵਾਦਿਆਂ ਅਨੁਸਾਰ ਉਸ ਉਸਤਾਦ ਦਾ ਕਾਮਲ ਸ਼ਾਗਿਰਦ (ਚੇਲਾ) ਅਤੇ ਸੱਚਾ ਆਸ਼ਕ ਵੀ ਰੱਬ ਵੱਲੋਂ ਪ੍ਰਕਟ ਹੋ ਚੁਕਿਅ ਹੈ ਜਿਸ ਨੂੰ ਰੱਬ ਨੇ ਉਮੱਤ ਨੂੰ ਇਕ ਬਨਾਉਣ ਲਈ ਫਿਰ ਮੁਸਲਮਾਨਾਂ ਉਪੱਰ ਉਪਕਾਰ ਕਰਦਿਆਂ ਹੋਇਆਂ ਭੇਜਿਆ ਹੈ ਜੋ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਦੀਆਂ ਰਾਤਾਂ ਦੀਆਂ ਬੇਚੈਨ ਦੁਆਵਾਂ ਦਾ ਇਸ ਜੁੱਗ ਦੇ ਮੁਸਲਮਾਨਾਂ ਲਈ ਫਲ ਹੈ । ਜੋ ਕੁਰਬਾਨੀਆਂ ਦਾ ਹਕੀਕੀ ਅਰਥ ਪੈਦਾ ਲਈ ਇਸ ਜੁੱਗ ਵਿੱਚ ਰੱਬ ਨੇ ਭੇਜਿਆ ਹੈ । ਸੋ, ਜੱਦ ਤੱਕ ਰੱਬ ਦੇ ਇਸ ਫਰਸਤਾਦੇ (ਭੇਜੇ ਹੋਏ ਸੁਧਾਰਕ) ਨੂੰ ਮੁਸਲਮਾਨ ਕੁਬੂਲ ਨਹੀਂ ਰਕਨਗੇ ਇਉਂ ਹੀ ਭਟਕਦੇ ਰਹਿਣਗੇ । ਕਤਲੇਆਮ ਹੁੰਦਾ ਰਹੇਗਾ । ਅਲੱਾਹ ਅਤੇ ਰਸੂਲ ਦੇ ਨਾਂ'ਤੇ ਅਤਿਆਚਾਰ ਕਰਕੇ ਰੱਬ ਦੀ ਨਰਜ਼ਗੀ ਮੁੱਲ ਲੈਂਦੇ ਰਹਿਣਗੇ । ਰੱਬ ਕਰੇ ਇਹਨਾਂ ਨੂੰ ਅਕਲ ਆ ਜਾਵੇ । ਇਹ ਵਾਸਤਵਿਕ ਕਿਰਦਾਰ ਮੁਸਲਮਾਨਂ ਵਿੱਚ ਪੈਦਾ ਹੋਵੇ ਕਿ ਹਜ਼ਰਤ ਇਬਰਾਹੀਮ ਅਤੇ ਹਜ਼ਰਤ ਇਸਮਾਈਲ ਅਲੈਹਿ ਸਲਾਮ ਦੀ ਕੁਰਬਾਨੀ ਖ਼ਾਨਾ ਕਾਬਾ ਦੀ ਉਸਾਰੀ ਅਤੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਦੇ ਪ੍ਰਕਟ ਹੋਣ ਦਾ ਉਦੇਸ਼ ਆਪਣੀ ਕੁਰਬਾਨੀ ਦੇ ਮਿਆਰ ਨੂੰ ਬੁਲੰਦ ਕਰਦਿਆਂ ਹੋਇਆਂ ਹਕੂਕੁਲੱਾਹ ਤੇ ਹਕੂਕੁਲ ਇਬਾਦ ਦੀ ਅਦਾਇਗੀ ਦੀ ਸਥਾਪਨਾ ਤੇ ਅਤੇ ਸਲਾਮਤੀ ਅਤੇ ਅਮਨ ਸ਼ਾਂਤੀ ਨੂੰ ਦੁਨੀਆਂ ਵਿੱਚ ਸਥਾਪਤ ਕਰਨਾ ਸੀ । ਰੱਬ ਸਾਨੂੰ ਵੀ ਵਾਸਤਵਿਕ ਰੂਪ ਵਿੱਚ ਇਸ ਕੁਰਬਾਨੀ ਦਾ ਗਿਆਨ ਪ੍ਰਾਪਤ ਕਰਨ ਵਾਲਾ ਬਣਾਏ ਅਤੇ ਅਸੀਂ ਵਿਖਾਵੇ ਦੀਆਂ ਭੇਡਾਂ ਬਕਰੀਆਂ ਦੀ ਕੁਰਬਾਨੀ ਕਰਨ ਦੀ ਥਾਂ ਕੁਰਬਾਨੀ ਦੀ ਰੂਹ (ਆਤਮਾ) ਨੂੰ ਸਮਝਦਿਆਂ ਹੋਇਆਂ ਆਪਣੇ ਹੱਕ ਪੂਰੇ ਕਰਨ ਵਾਲੇ ਬਣੀਏ । ਦੁਨੀਆਂ ਨੂੰ ਅਮਨ ਸ਼ਾਂਤੀ ਅਤੇ ਸਲਾਮਤੀ ਦੇਣ ਵਾਲੇ ਬਣੀਏ ।

ਖ਼ੁਤਬੇ ਦੇ ਅੰਤ ਵਿੱਚ ਹਜ਼ੂਰ ਪੁਰ ਨੂਰ ਨੇ ਸ਼ਹੀਦਾਂ ਦੇ ਪਰਿਵਾਰਾਂ, ਅਸੀਰਾਂਨੇ ਰਾਹੇ ਮੌਲਾ (ਰੱਬ ਦੇ ਮਾਰਗ ਵਿੱਚ ਕੁਰਬਾਨ ਹੋਣ ਵਾਲੇ), ਆਰਥਕ ਕੁਰਬਾਨੀਆਂ ਕਰਨ ਵਾਲੇ, ਵਾਕਫ਼ੀਨ ਜ਼ਿੰਦਗੀ (ਜੀਵਨ ਵਕਫ਼ ਕਰਨ ਵਾਲੇ), ਲੋੜਵੰਦ ਅਤੇ ਗ਼ਰੀਬ ਲੋਕਾਂ, ਦੁਨੀਆ ਵਿੱਚ ਵਸੱਣ ਵਾਲੇ ਸਾਰੇ ਅਹਮਦੀਆਂ, ਫ਼ਲਸਤੀਨ ਦੇ ਮੁਸਲਮਾਨਾ ਅਤੇ ਉਮੱਤੇ ਮੁਸਲਿਮਾ ਲਈ ਆਮ ਤੌਰ'ਤੇ ਦੁਆ ਕਰਨ ਲਈ ਜਮਾਤ ਦੇ ਲੋਕਾਂ ਨੂੰ ਤਹਿਰੀਕ ਕੀਤੀ ਅਤੇ ਫ਼ਰਮਾਇਆ ਕਿ ਇਸਲਾਮ ਦੇ ਨਾਂ'ਤੇ ਆਤਿਆਚਾਰੀ ਹਰਕਤਾਂ ਕਰਨ ਵਾਲੀਆਂ ਜੋ ਤੰਜ਼ੀਮਾਂ ਹਨ ਉਹਨਾਂ ਦੇ ਖ਼ਾਤਮੇ ਲਈ ਵੀ ਦੁਆ ਕਰੋ ਕਿ ਰੱਬ ਛੇਤੀ ਤੋਂ ਛੇਤੀ ਉਹਨਾਂ ਤੋਂ ਮੁਕਤੀ ਦੁਆਏ ਅਤੇ ਇਸਲਾਮ ਦੀ ਹਕੀਕੀ ਸਿੱਖਿਆ ਦੁਨੀਆ ਵਿੱਚ ਸਹੀ ਤਰੀਕੇ ਨਾਲ ਪ੍ਰਤਖ ਹੋ ਜਾਵੇ ਅਤੇ ਦੁਨੀਆ ਇਸ ਦੀ ਗੋਦ ਵਿੱਚ ਆ ਜਾਣ ਵਾਲੀ ਹੋਵੇ ।

**Khulasa Khutba 25.09.2015**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131